# ਖ਼ੁਲਾਸਾ ਖ਼ੁਤਬਾ ਜੁਮੱਾ 26.09.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਮਸਜਿਦਾਂ ਤਾਂ ਅਲੱਾਹ ਅਤੇ ਉਸ ਦੇ ਬੰਦਿਆਂ ਦੇ ਹੱਕਾਂ ਦੀ ਅਦਾਇਗੀ ਦੀਆਂ ਥਾਵਾਂ ਹਨ ਨ ਕਿ ਕਿਸੇ ਖ਼ਰਾਬੀ ਜਾਂ ਫ਼ਸਾਦਾਂ ਦੀ ਥਾਂ । ਇਹ ਮਸਜਿਦਾਂ ਤਾਂ ਉਸ ਰੱਬ ਦੀ ਇਬਾਦਤ ਲਈ ਬਣਾਈਆਂ ਜਾਂਦੀਆਂ ਹਨ ਜੋ ਸਾਰਿਆਂ ਜਹਾਨਾਂ ਦਾ ਰੱਬ ਹੈ ਜਿਸ ਨੇ ਸਾਰਿਆਂ ਯੁਗਾਂ ਦੇ ਲੋਕਾਂ ਲਈ ਆਪਣੇ ਰੱਬ ਹੋਣ ਦਾ ਪ੍ਰਗਟਾਵਾ ਕੀਤਾ ਹੈ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਖ਼ੁਤਬਾ ਜੁਮਅਾ ਦਾ ਸਾਰ ਜੋ ਆਪ ਜੀ ਨੇ 26 ਸਤੰਬਰ 2014 ਈ. ਨੂੰ ਮਸਜਿਦ ਮਰਿਯੱਮ ਆਇਰਲੈਂਡ ਵਿੱਚ ਦਿਤੱਾ ।**

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਹੇਠ ਲਿਖੀ ਕੁਰਆਨ ਕਰੀਮ ਦੀ ਆਇਤ ਦੀ ਤਲਾਵਤ ਕੀਤੀ :

(إِنَّمَا يَعْمُرُ مَسَاجِدَ اللَّهِ مَنْ آمَنَ بِاللَّهِ وَالْيَوْمِ الْآخِرِ وَأَقَامَ الصَّلَاةَ وَآتَى الزَّكَاةَ وَلَمْ يَخْشَ إِلَّا اللَّهَ فَعَسَى أُولَئِكَ أَنْ يَكُونُوا مِنَ الْمُهْتَدِينَ (التوبة18)

ਇਸ ਆਇਤ ਦੇ ਇਹ ਅਰਥ ਹਨ, ਕਿ ''ਅਲੱਾਹ ਦੀਆਂ ਮਸਜਿਦਾਂ ਤਾਂ ਉਹੋ ਆਬਾਦ ਕਰਦਾ ਹੈ, ਜੋ ਅਲੱਾਹ ਉਪੱਰ ਈਮਾਨ ਲਿਆਏ ਅਤੇ ਯੌਮਿ ਆਖ਼ਰਤ (ਅੰਤ ਦੇ ਦਿਨ) ਉਪੱਰ ਵੀ, ਅਤੇ ਨਮਾਜ਼ ਕਾਇਮ ਕਰੇ, ਜ਼ਕਾਦ ਦੇਵੇ ਅਤੇ ਅਲੱਾਹ ਤੋਂ ਬਿਨਾਂ ਕਿਸੇ ਤੋਂ ਨ ਡਰੇ । ਸੋ, ਕਰੀਬ ਹੈ ਕਿ ਇਹ ਲੋਕ ਸਫ਼ਲਤਾ ਵੱਲ ਲੈ ਜਾਣਗੇ ।'' ਅਲਹਮਦੁਲਿਲੱਾਹ (ਰੱਬ ਦੀ ਮਿਹਰ ਹੈ, ਸਾਰੀਆਂ ਉਸਤਤੀਆਂ ਉਸੇ ਲਈ ਹਨ) ਅੱਜ ਸਾਨੂੰ ਆਇਰਲੈਂਡ ਵਿੱਚ ਜਮਾਤ ਅਹਮਦੀਆ ਦੀ ਪਹਿਲੀ ਮਸਜਿਦ ਵਿੱਚ ਅਲੱਾਹ ਤਆਲਾ ਨਮਾਜ਼ ਜੁਮੱਾ ਪੜ੍ਹਨ ਦੀ ਤੌਫ਼ੀਕ ਪ੍ਰਦਾਨ ਕਰ ਰਿਹਾ ਹੈ । ਅਲੱਾਹ ਤਆਲਾ ਇਸ ਮਸਜਿਦ ਦੀ ਉਸਾਰੀ ਇਸ ਦੀ ਸਥਾਪਨਾ ਹਰ ਪੱਖੋਂ ਬਰਕਤਾਂ ਭਰਪੂਰ ਬਣਾਏ । ਇਹ ਛੋਟੀ ਜਿਹੀ ਮਸਜਿਦ ਹੈ, ਪਰ ਇਸ ਗੱਲ ਦੀ ਘੋਸ਼ਣਾ ਹੈ ਕਿ ਮਸੀਹ ਮੁਹਮੱਦੀ ਦੇ ਮੰਨ੍ਹਣ ਵਾਲੇ ਏਥੋਂ ਇਕ ਰੱਬ ਦੇ ਇੱਕੋ ਇਕ ਹੋਣ ਦਾ ਐਲਾਨ ਪੰਜ ਸਮੇਂ ਕਰਨਗੇ ਅਤੇ ਇਸ ਵਿੱਚ ਹਾਜ਼ਰ ਹੋਕੇ ਇਕ ਖ਼ੁਦਾ ਦੀ ਇਬਾਦਤ ਕਰਨਗੇ । ਇਸ ਮਸਜਿਦ ਤੋਂ ਇਹ ਆਵਾਜ਼ ਬੁਲੰਦ ਕਰਨਗੇ ਕਿ ਮਸਜਿਦਾਂ ਤਾਂ ਰੱਬ ਅਤੇ ਉਸਦੇ ਬੰਦਿਆਂ ਦੇ ਹੱਕਾਂ ਦੀ ਅਦਾਇਗੀ ਲਈ ਬਣੀਆਂ ਹਨ, ਨ ਕਿ ਕਿਸੇ ਖਰਾਬੀ ਜਾਂ ਫ਼ਸਾਦ ਮਚਾਉਣ ਦੀ ਥਾਂ । ਇਹ ਮਸਜਿਦਾਂ ਤਾਂ ਉਸ ਰੱਬ ਦੀ ਇਬਾਦਤ ਲਈ ਬਣਾਈਆਂ ਜਾਂਦੀਆਂ ਹਨ ਜੋ ਸਾਰਿਆਂ ਜਹਾਨਾਂ ਦਾ ਰੱਬ ਹੈ, ਜਿਸ ਨੇ ਸਾਰਿਆਂ ਜੁਗਾਂ ਦੇ ਮਨੁੱਖਾਂ ਲਈ ਆਬਣੇ ਰੱਬ ਹੋਣ ਦਾ ਪ੍ਰਗਟਾਵਾ ਕੀਤਾ । ਜਿਸਨੇ ਭੂਤਕਾਲ ਵਿੱਚ ਹਰ ਕੌਮ ਦੀ ਭੌਤਕ ਤੇ ਆਤਮਕ ਤਰੱਕੀ ਲਈ ਆਪਣੇ ਰੱਬ ਹੋਣ ਦਾ ਪ੍ਰਗਟਵਾ ਕੀਤਾ ਅੱਜ ਵੀ ਆਪਣੇ ਰੱਬ ਹੋਣ ਕਰਕੇ ਦੁਨੀਆ ਨੂੰ ਫ਼ੈਜ਼ ਪਹੁੰਚਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਸਦਾ ਨਿਵਾਜ਼ਦਾ ਰਹੇਗਾ । ਉਸ ਦਾ ਰੱਬ ਹੋਣਾ ਕਿਸੇ ਕੌਮ ਲਈ ਵਿਸੇਸ਼ ਨਹੀਂ ਸਗੋਂ ਸਾਰਿਆਂ ਜਹਾਨਾਂ ਲਈ ਅਤੇ ਸਾਰੀ ਮਖ਼ਲੂਕ ਲਈ ਹੈ । ਸੋ, ਇਸ ਪੱਖੋਂ ਮਸੀਹ ਮੁਹਮੱਦੀ ਨੂੰ ਮਨ੍ਹੰਣ ਵਾਲਿਆਂ ਦੀਆਂ ਮਸਜਿਦਾਂ ਇਸ ਗੱਲ ਦਾ ਐਲਾਨ ਕਰਨ ਲਈ ਹਨ ਕਿ ਜੇਕਰ ਰੱਬ ਹੋਣ ਦਾ ਬੋਧ ਪ੍ਰਾਪਤ ਕਰਨਾ ਹੈ ਤਾਂ ਮਸੀਹ ਮੁਹਮੱਦੀ ਦੀ ਜਮਾਤ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਵਾਸਤਵਿਕ ਰੂਪ ਵਿੱਚ ਪ੍ਰਾਪਤ ਹੋ ਸਕਦਾ ਹੈ । ਇਹ ਮਸਜਿਦਾਂ ਇਸ ਗੱਲ ਦਾ ਐਲਾਨ ਕਰਨ ਲਈ ਅਸੀਂ ਉਸਾਰਦੇ ਹਾਂ ਕਿ ਦੁਨੀਆਂ ਦੀ ਖਰਾਬੀ ਨੂੰ ਦੂਰ ਕਰਨ ਲਈ ਇਸਲਾਮ ਦੀ ਸੁੰਦਰ ਸਿੱਖਿਆ ਉਪੱਰ ਗ਼ੌਰ ਕਰੋ ਜੋ ਸਨੇਹ, ਪਿਆਰ, ਸੁਧਾਰ ਤੇ ਅਮਨ ਦਾ ਸੰਦੇਸ਼ ਦਿੰਦੀ ਹੈ । ਇਹ ਮਸਜਿਦਾਂ ਇਸ ਗੱਲ ਦਾ ਐਲਾਨ ਕਰਨ ਲਈ ਹਨ ਕਿ ਦੁਨੀਆਂ ਨੂੰ ਭਾਈਚਾਰੇ ਤੇ ਮਿਲਵਰਤਨ ਦੀ ਲੋੜ ਹੈ ਨ ਕਿ ਜੰਗਾ, ਜੁਧਾਂ ਜਾਂ ਫ਼ਸਾਦਾਂ ਦੀ ਜਾਂ ਤਲਵਾਰਾਂ ਤੇ ਤੋਪਾਂ ਦੀ । ਇਹ ਮਸਜਿਦ ਜੋ ਅਸੀਂ ਉਸਾਰਦੇ ਹਾਂ ਇਸ ਗੱਲ ਦਾ ਐਲਾਨ ਕਰਦੀ ਹੈ ਕਿ ਇਸ

ਵਿੱਚ ਆਉਣ ਵਾਲਿਆਂ ਦਾ ਦਿਲ ਹਰ ਪ੍ਰਕਾਰ ਦੇ ਅਤਿਆਚਾਰਾਂ ਤੇ ਹੱਕ ਮਾਰਨ ਦੇ ਵਿਚਾਰਾਂ ਤੋਂ ਪਾਕ ਹੈ । ਇਹ ਸਾਡੀ ਮਸਜਿਦ ਇਸ ਗੱਲ ਦਾ ਚਿੰਨ੍ਹ ਤੇ ਕੇਂਦਰ ਹੈ ਕਿ ਏਥੇ ਆਉਣ ਵਾਲੇ ਦੂਜਿਆਂ ਦੇ ਹੱਕਾਂ ਦੀ ਅਦਾਇਗੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਵਾਲੇ ਹਨ । ਇਹਨਾਂ ਹੱਕਾ ਦੀ ਅਦਾਇਗੀ ਲਈ ਕੁਰਬਾਨੀ ਕਰਨ ਲਈ ਜਿੱਥੇ ਆਪਣਿਆਂ ਲਈ ਦਿਲ ਵਿੱਚ ਰਹਿਮ ਦੇ ਜਜ਼ਬੇ ਭਰੇ ਹੋਏ ਹਨ ਓਥੇ ਦੁਸ਼ਮਣਾ ਦੀ ਦੁਸ਼ਮਣੀਵੀ ਨਿਆਏ ਦੇ ਤਕਾਦੇ ਪੂਰੇ ਕਰਦਿਆਂ ਹੋਇਆਂ ਹੱਕ ਦੀ ਅਦਾਇਗੀ ਤੋਂ ਨਹੀਂ ਰੋਕਦੀ । ਇਹ ਮਸਜਿਦਾਂ ਜੋ ਅਸੀਂ ਉਸਾਰਦੇ ਹਾਂ, ਇਹ ਇਸ ਗੱਲ ਦਾ ਐਲਾਨ ਹੈ ਕਿ ਧਾਰਮਕ ਆਜ਼ਾਦੀ ਦਾ ਸਭ ਤੋਂ ਵੱਡਾ ਅਲੰਬਰਦਾਰ ਇਸਲਾਮ ਹੈ ਅਤੇ ਇਸ ਦੇ ਪ੍ਰਗਟਾਵੇ ਲਈ ਸਾਡੀਆਂ ਮਸਜਿਦਾਂ ਦੇ ਬੂਹੇ ਹਰ ਸਮੇਂ ਹਰ ਇਕ ਲਈ ਖੁੱਲੇ ਹਨ । ਹਰ ਇਕ ਮਨੁੱਖ ਜੋ ਇਕ ਰੱਬ ਦੀ ਇਬਾਦਤ ਕਰਦਾ ਹੈ ਉਸ ਨੂੰ ਮਸਜਿਦ ਵਿੱਚ ਇਬਾਦਤ ਕਰਨ ਦੀ ਕੋਈ ਰੋਕ ਨਹੀਂ । ਬਿਨਾ ਕਿਸੇ ਮਤਿਭੇਦ ਦੇ ਕਿ ਉਹ ਮੁਸਲਮਾਨ ਹੈ ਜਾਂ ਨਹੀਂ । ਸਾਡੀਆਂ ਮਸਜਿਦਾਂ ਅਤੇ ਇਸ ਵਿੱਚ ਆਉਣ ਵਾਲਾ ਹਰ ਅਹਮਦੀ ਇਸ ਗੱਲ ਦਾ ਐਲਾਨ ਕਰਦਾ ਹੈ ਕਿ ਕੁਰਆਨ ਕਰੀਮ ਦੀ ਸਿੱਖਿਆ ਅਨੁਸਾਰ ਹਰ ਹਕੀਕੀ ਮੁਸਲਮਾਨ'ਤੇ ਸਾਰੀਆਂ ਧਾਰਮਕ ਇਬਾਦਤਗਾਹਾਂ ਦੀ ਸੁਰੱਖਿਆ ਦੀ ਜ਼ਿੰਮੇਦਾਰੀ ਅਤੇ ਫ਼ਰਜ਼ ਹੈ । ਅਤੇ ਇਸ ਜ਼ਿੰਮੇਦਾਰੀ ਦਾ ਪੂਰਾ ਕਰਨਾ ਉਸ ਲਈ ਓਨ੍ਹਾ ਹੀ ਜ਼ਰੂਰੀ ਹੈ ਜਿਨ੍ਹਾਂ ਆਪਣੀ ਮਸਜਿਦ ਦੀ ਸੁਰੱਖਿਆ ਕਰਨਾ । ਸਾਡੀਆਂ ਮਸਜਿਦਾਂ ਇਸ ਵੱਲ ਸਾਡਾ ਧਿਆਨ ਖਿਚੱਦੀਆਂ ਹਨ ਕਿ ਮੋਮਨ ਦੇ ਈਮਾਨ ਦਾ ਇਕ ਭਾਗ ਵਫ਼ਦਾਰੀ ਵੀ ਹੈ । ਇਕ ਮੋਮਨ ਉਸ ਸਮੇਂ ਤੱਕ ਮੋਮਨ ਨਹੀਂ ਹੋ ਸਕਦਾ ਜੱਦ ਤੱਕ ਉਹ ਆਪਣੇ ਦੇਸ਼ ਤੇ ਕੌਮ ਦਾ ਵਫ਼ਾਦਾਰ ਨ ਹੋਵੇ । ਭਾਵ ਇਹ ਕਿ ਅਸੰਖ ਗੱਲਾਂ ਹਨ ਜੋ ਮਸਜਿਦਾਂ ਨਾਲ ਵਾਸਤਵਿਕ ਰੂਪ ਵਿੱਚ ਜੁੜੇ ਹੋਇਆਂ ਕੋਲੋਂ ਮੰਗ ਕਰਦੀਆਂ ਹਨ ਕਿ ਮਸਜਿਦਾਂ ਦਾ ਹੱਕ ਉਦੋਂ ਪੂਰਾ ਹੁੰਦਾ ਹੈ ਜੱਦ ਅਲੱਾਹ ਤਆਲਾ ਅਤੇ ਉਸ ਦੇ ਬੰਦਿਆਂ ਦੇ ਹੱਕ ਉਚਿਤ ਢੰਗ ਨਾਲ ਪੂਰੇ ਕੀਤੇ ਹੋਣ । ਇਹ ਸਾਰੀਅਆਂ ਗੱਲਾਂ ਕਰਨ ਦਾ ਹੁਕਮ ਸਾਨੂੰ ਅਲੱਾਹ ਤਆਲਾ ਨੇ ਕੁਰਆਨ ਕਰੀਮ ਵਿੱਚ ਦਿੱਤਾ ਹੈ । ਇਹ ਸਾਰੀਆਂ ਗੱਲਾਂ ਕਰਨ ਲਈ ਸਾਡੇ ਆਕਾ ਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਨੇ ਵਾਰ ਵਾਰ ਤਾਕੀਦ ਕੀਤੀ ਹੈ । ਆਪਣੇ ਅਮਲਾਂ ਤੇ ਸ਼ੁਭ ਕਾਰਜਾਂ ਰਾਹੀਂ ਹਕੂਕੁਲੱਾਹ ਤੇ ਹਕੂਕੁਲ ਇਬਾਦ (ਰੱਬ ਅਤੇ ਉਸਦੀ ਮਖ਼ਲੂਕ ਦੇ ਹਕ) ਦੀ ਅਦਾਇਗੀ ਕੀਤੀ । ਮਨੁੱਖਤਾ ਦੀਆਂ ਕਦਰਾਂ ਕਾਇਮ ਕਰਨ ਤੇ ਸਨੇਹ ਤੇ ਸਲਾਮਤੀ ਕਾਇਮ ਕਰਨ ਲਈ ਆਪ ਸਲਲੱਾਹੁ ਅਲੈਹਿ ਵਸਲਅਮ ਨੇ ਆਪਣੇ ਨਮੂਨੇ ਕਾਇਮ ਕੀਤੇ । ਇਹ ਕੇਵਲ ਕਹਿਣ ਦੀਆਂ ਗੱਲਾਂ ਨਹੀਂ ਸਗੋਂ ਇਤਿਹਾਸ ਸਾਖੀ ਹੈ । ਇਕ ਮੌਕੇ'ਤੇ ਈਸਾਈਆਂ ਨੂੰ ਆਪ ਜੀ ਨੇ ਆਪਣੀ ਇਬਾਦਤ ਲਈ ਮਸਜਿਦ ਨਬਵੀ ਵਿੱਚ ਇਬਾਦਤ ਕਰਨ ਦੀ ਆਗਿਆ ਦੇ ਦਿਤੀ । ਇਹੋ ਹਕੀਕੀ ਇਸਲਾਮ ਦੀ ਸਿੱਖਿਆ ਹੈ ਜਿਸ ਨੂੰ ਇਸ ਯੁੱਗ ਵਿੱਚ ਸਾਨੂੰ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦੇ ਸੱਚੇ ਗ਼ੁਲਾਮ ਤੇ ਸੱਚੇ ਆਸ਼ਕ ਨੇ ਆਪਣੇ ਉਪੱਰ ਲਾਗੂ ਕਰਨ ਦਾ ਹੁਕਮ ਦਿੱਤਾ ਹੈ । ਇਹੋ ਉਹ ਵਾਸਤਵਿਕ ਇਸਲਾਮੀ ਸਿੱਖਿਆ ਤੇ ਅਮਲ ਹੈ ਜਿਸ ਦੀਆਂ ਕੁਝ ਉਧਾਰਣਾ ਮੈਂ ਪੇਸ਼ ਕੀਤੀਆਂ ਹਨ । ਜਿੰਨ੍ਹਾ ਦੇ ਕਰਨ ਤੇ ਫੈਲਾਉਣ ਦਾ ਸਾਨੂੰ ਹੁਕਮ ਦੇਕੇ ਅਤੇ ਸਾਥੋਂ ਆਸ਼ਾ ਰੱਖਕੇ ਜ਼ਮਾਨੇ ਦੇ ਇਮਾਮ ਮਸੀਹ ਮਊਦ ਤੇ ਮਹਦੀ ਮਾਹੂਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਸ ਸੋਚ ਨਾਲ ਜਿੱਥੇ ਵੀ ਤੁਸੀਂ ਮਸਜਿਦ ਬਣਾਓਗੇ ਇਸਲਾਮ ਦੀ ਜਾਨਕਾਰੀ ਤੇ ਪ੍ਰਚਾਰ ਲਈ ਨਵੇਂ ਮਾਰਗ ਖੋਲਦੇ ਜਾਓਗੇ । ਲੋਕਾਂ ਦਾ ਇਸਲਾਮ ਵੱਲ ਆਕਰਸ਼ਣ ਵਧੇਗਾ । ਇਸ ਦੀ ਸੁੰਦਰ ਸਿੱਖਿਆ ਉਹਨਾਂ ਨੂੰ ਆਪਣਾ ਪ੍ਰੇਮੀ ਬਣਾ ਲਏਗੀ ਅਤੇ ਇਉਂ ਤੁਹਾਡੀ ਗਿਣਤੀ ਵੀ ਵੱਧਦੀ ਜਾਵੇ ਗੀ । ਸੋ, ਇਹੋ ਉਦੇਸ਼ ਹੈ ਜਿਸ ਲਈ ਸਾਨੂੰ ਆਪਣੀਆਂ ਮਸਜਿਦਾਂ ਬਨਾਉਣੀਆਂ ਚਾਹੀਦੀਆਂ ਹਨ ਅਤੇ ਅਸੀਂ ਬਣਾਉਂਦੇ ਹਾਂ । ਇਹੋ ਉਹ ਸਿੱਖਿਆ ਹੈ ਜਿਸ ਨੂੰ ਅੱਜ ਮੀਡੀਆ ਰਾਹੀਂ ਦੇਖਕੇ ਇਸ ਦੀ ਜਾਨਕਾਰੀ ਲੈਕੇ ਲੋਕ ਸਾਡੇ ਵੱਲ ਆਕਰਸ਼ਤ ਹੁੰਦੇ ਹਨ । ਇਕ ਸਾਧਾਰਣ ਮਨੁੱਖ ਤੋਂ ਲੈਕੇ ਵੱਡੇ ਵੱਡੇ ਲੀਡਰ ਤੇ ਰਾਜਨੀਤਿਕ ਨੇਤਾ ਜੱਦ ਦੇਖਦੇ ਹਨ ਕਿ ਇਕ ਪਾਸੇ ਤਾਂ ਕਟੱੜਤਾ ਪਸੰਦ ਧੜੇ ਹਨ ਜੋ ਮਾਰ ਧਾੜ ਅਤੇ ਬਿਨਾ ਕਿਸੇ ਮਤਿਭੇਦ ਦੇ ਰਕਤ ਪਾਤ ਵਿੱਚ ਲੱਗੇ ਹੋਏ ਹਨ ਅਤੇ ਦੂਜੇ ਪਾਸੇ ਇਕ ਜਮਾਤ ਹੈ ਜੋ ਮੁਹਬੱਤ, ਪਿਆਰ, ਸਨੇਹ ਅਤੇ ਅਮਨ ਲਈ ਜਤਨ ਕਰ ਰਹੀ ਹੈ । ਇਕ ਪਾਸੇ ਤਾਂ ਅਜਿਹੇ ਨਾਮ ਨਿਹਾਦ ਮੁਸਲਮਾਨਾ ਦੀਆਂ ਮਸਜਿਦਾਂ ਹਨ ਜਿੱਥੋਂ ਅਲੱਾਹ ਤਆਲਾ ਅਤੇ ਉਸ ਦੇ ਰਸੂਲ ਦੇ ਨਾਂ'ਤੇ ਗਾਲ੍ਹਾਂ ਤੇ ਗੰਦ ਨਾਲ ਭਰੀ ਹੋਈ ਭਾਵਨਾ ਨਾਲ ਭੜਕਾਇਆ ਜਾਂਦਾ ਹੈ

। ਅਤੇ ਦੂਜੇ ਪਾਸੇ ਕੇਵਲ ਅਮਨ ਤੇ ਸ਼ਾਂਤੀ ਦੀ ਗੱਲ ਕੀਤੀ ਜਾਂਦੀ ਹੈ । ਮੁਹਬੱਤ ਸਾਰਿਆਂ ਲਈ ਨਫ਼ਰਤ ਕਿਸੇ ਤੋਂ ਨਹੀਂ ਦੇ ਨਾਰੇ ਬੁਲੰਦ ਕੀਤੇ ਜਾਂਦੇ ਹਨ । ਅਵਸ਼ ਹੀ ਇਹ ਗੱਲਾਂ ਆਪਣੀ ਵੱਲ ਆਕਰਸ਼ਤ ਕਰਦੀਆਂ ਹਨ । ਲੋਕਾਂ ਨੂੰ ਜਿਗਿਆਸਾ ਹੁੰਦੀ ਹੈ ਕਿ ਇਹਨਾਂ ਦੋਹਾਂ ਪ੍ਰਕਾਰ ਦੇ ਮੁਸਲਮਾਨਾਂ ਵਿੱਚ ਅੰਤਰ ਕਿਉਂ ਹੈ ? ਅਤੇ ਫਿਰ ਇਹ ਜਿਗਿਆਸਾ ਅੱਜ ਕੱਲ ਦੇ ਨਵੀਨ ਮੀਡੀਆ ਇੰਟਰਨੈਟ ਆਦਿ ਰਾਹੀਂ ਜਮਾਤ ਅਹਮਦੀਆ ਬਾਰੇ ਜਾਨਕਾਰੀ ਪ੍ਰਾਪਤ ਕਰਨ ਦੇ ਜਤਨ ਵੱਲ ਆਕਰਸ਼ਤ ਕਰਦਾ ਹੈ । ਪਰਸੋਂ ਡਿਬਲਨ ਪਾਰਲੀਮੈਂਟ ਵਿੱਚ ਜਾਣ ਦਾ ਸੁਅਵਸਰ ਮਿਲਿਆ । ਕੁਝ ਪਾਰਲੀਮੈਂਟ ਦੇ ਮੈਂਬਰਾਂ ਨੂੰ ਵੀ ਮਿਲਣ ਦਾ ਅਵਸਰ ਪ੍ਰਾਪਤ ਹੋਇਆ । ਉਹਨਾਂ ਵਿੱਚੋਂ ਇਕ ਨੇ ਕਿਹਾ ਕਿ ਜਮਾਤ ਅਹਮਦੀਆ ਜਿਵੇਂ ਮਨੁੱਖਾਂ ਦੀਆਂ ਕਦਰਾਂ ਕਾਇਮ ਕਰਨ ਵਿੱਚ ਅਤੇ ਅਮਨ ਸਾਂਤੀ ਦੀ ਸਥਾਪਨਾ ਲਈ ਜਤਨ ਕਰ ਰਹੀ ਹੈ ਉਹ ਦੂਜੇ ਮੁਸਲਮਾਨਾ ਵਿੱਚ ਦਿਖਾਈ ਨਹੀਂ ਦਿੰਦੀ ਅਤੇ ਇਹ ਜਮਾਤ ਬਾਰੇ ਜਾਨਕਾਰੀ ਮੈਂ ਬਹੁਤ ਡੂੰਘਿਆਈ ਵਿੱਚ ਜਾਕੇ ਲਈ ਹੈ ਅਤੇ ਆਖਣ ਲੱਗੇ ਕਿ ਇਹ ਸਾਰੀ ਜਾਨਕਾਰੀ ਲੈਕੇ ਮੈਂ ਇਸ ਗੱਲ ਦਾ ਇਛੁੱਕ ਹਾਂ ਕਿ ਜਮਾਤ ਅਹਮਦੀਆ ਹੁਣ ਡਿਬਲਨ ਵਿੱਚ ਵੀ ਮਸਜਿਦ ਬਣਾਏ ਤਾਂ ਜੋ ਮੁਹਬੱਤ ਤੇ ਉੱਚ ਕਦਰਾਂ ਦਾ ਸੰਦੇਸ਼ ਸਾਡੇ ਸ਼ਹਿਰ ਵਿੱਚ ਵੀ ਫੈਲੇ ਜੋ ਮੇਰਾ ਸ਼ਹਿਰ ਹੈ ।

ਮੈਂ ਅਰੰਭ ਵਿੱਚ ਜੋ ਆਇਤ ਪੜ੍ਹੀ ਸੀ ਉਸ ਵਿੱਚ ਵੀ ਅਲੱਾਹ ਤਆਲਾ ਨੇ ਮਸਜਿਦ ਆਬਾਦ ਕਰਨ ਵਾਲਿਆਂ ਦੇ ਗੁਣ ਵਰਨਣ ਕੀਤੇ ਹਨ । ਇਸ ਆਇਤ ਦਾ ਵਿਸਥਾਰ ਖ਼ਾਨਾ ਕਾਬਾ ਤੋਂ ਬਾਹਰ ਕਿਲਕੇ ਹਰ ਉਸ ਮਸਜਿਦ ਤੱਕ ਫੈਲਦਾ ਜਾਂਦਾ ਹੈ ਜੋ ਇਹਨਾ ਗੁਣਾ ਨਾਲ ਭਰਪੂਰ ਲੋਕਾਂ ਤੋਂ ਆਬਾਦ ਹੁੰਦੀ ਹੈ ਜਿਨ੍ਹਾਂ ਦੇ ਇਸ ਆਇਤ ਵਿੱਚ ਵਰਨਣ ਹੋਇਆ ਹੈ, ਈਮਾਨ ਲਿਆਉਣ ਵਾਲਿਆਂ ਵਿੱਚ ਜੋ ਸ਼ਾਮਲ ਹਨ । ਉਹਨਾਂ ਮੋਮਿਨਾਂ ਵਿੱਚ ਉਹ ਸ਼ਾਮਲ ਹਨ ਜਿੰਨ੍ਹਾ ਦੇ ਈਮਾਨ ਦੇ ਮਿਆਰ ਬਾਰੇ ਅਲੱਾਹ ਤਆਲਾ ਨੇ ਇਕ ਥਾਂ ਇਉਂ ਫ਼ਰਮਾਇਆ ਹੈ ਕਿ ਅਸ਼ਦੱਾ ਹੁਬੱਾ ਲਿਲੱਾਹ (اشد حبالله) ਅਰਥਾਤ ਮੋਮਿਨਾ ਦਾ ਪਿਆਰ ਸਭ ਤੋਂ ਵੱਧ ਅਲੱਾਹ ਲਈ ਹੁੰਦਾ ਹੈ ਅਤੇ ਕੋਈ ਹੋਰ ਸੰਸਾਰਕ ਸਨੇਹ ਉਹਨਾਂ'ਤੇ ਗ਼ਾਲਬ ਨਹੀਂ ਹੁੰਦਾ । ਉਹ ਅਲੱਾਹ ਦਾ ਪ੍ਰੇਮ ਪ੍ਰਾਪਤ ਕਰਨ ਲਈ ਆਪਣਾ ਜੀਵਨ ਬਤੀਤ ਕਰਨ ਦੇ ਜਤਨ ਕਰਦੇ ਹਨ । ਇਹ ਨਹੀਂ ਹੁੰਦਾ ਕਿ ਸੰਸਾਰਕ ਲਾਭ ਨੂੰ ਪ੍ਰਾਪਤ ਕਰਨ ਲਈ ਅਲੱਾਹ ਦੇ ਪਿਆਰ ਨੂੰ ਭੁੱਲ ਜਾਣ । ਅਲੱਾਹ ਤਆਲਾ ਦੀ ਮੁਹਬੱਤ ਇਹ ਤਕਾਦਾ ਕਰਦੀ ਹੈ ਕਿ ਉਸ ਦੇ ਹੁਕਮਾ ਉਪੱਰ ਅਮਲ ਕੀਤਾ ਜਾਵੇ । ਇਹ ਤਕਾਦਾ ਕਰਦੀ ਹੈ ਕਿ ਉਸਦੀ ਇਬਾਦਤ ਕੀਤੀ ਜਾਵੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਥਾ ਫ਼ਰਮਾਉਂਦੇ ਹਨ ਕਿ, "ਜਾਨਣਾ ਚਾਹੀਦਾ ਹੈ ਕਿ ਰੱਬ ਦੀ ਗ਼ੈਰਤ ਕਿਸੇ ਮੋਮਿਨ ਦੇ ਪਿਆਰ ਵਿੱਚ ਉਸ ਅਰਥਾਤ ਅਲੱਾਹ ਤੋਂ ਬਿਨਾ ਕਿਸੇ ਹੋਰ ਦਾ ਸ਼ਰੀਕਾ ਨਹੀਂ ਚਾਹੁੰਦੀ । ਈਮਾਨ ਜੋ ਸਾਨੂੰ ਸਭ ਤੋਂ ਅਧਿਕ ਪਿਆਰਾ ਹੈ, ਉਹ ਇਸੇ ਗੱਲ ਨਾਲ ਸੁਰੱਖਿੱਅਤ ਰਹਿ ਸਕਦਾ ਹੈ ਕਿ ਅਸੀਂ ਪਿਆਰ ਵਿੱਚ ਕਿਸੇ ਦੂਜੇ ਨੂੰ ਉਸ ਦਾ ਸ਼ਰੀਕ ਨ ਬਣਾਈਏ ।"

ਸੋ, ਇਹ ਬਹੁਤ ਵਿਚਾਰ ਯੋਗ ਗੱਲ ਹੈ । ਇਸ ਲਈ ਹਰ ਇਕ ਨੂੰ ਇਸ ਮਿਆਰ ਦੀ ਜਾਂਚ ਕਰਨੀ ਜ਼ਰੂਰੀ ਹੈ । ਖ਼ੁੱਦ ਆਪਣੀ ਜਾਂਚ ਪੜਤਾਲ ਹੀ ਸਾਨੂੰ ਸਾਡੀ ਅਵਸਥਾ ਬਾਰੇ ਦਸ ਸਕਦੀ ਹੈ । ਕੁਰਆਨ ਕਰੀਮ ਨੇ ਬੇਸ਼ੁਮਾਰ ਹੁਕੁਮ ਦਿੱਤੇ ਹਨ ਜਿੰਨ੍ਹਾ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਕ ਥਾਂ ਲਿੱਖਿਆ ਹੈ ਕਿ ਇਹ ਸੱਤ ਸੌ ਹੁਕੁਮ ਹਨ ਅਤੇ ਜ ਉਹਨਾਂ ਨੂੰ ਨਹੀਂ ਮਨ੍ਹਦਾ ਉਹਨਾਂ'ਤੇ ਅਮਲ ਕਰਨ ਦਾ ਜਤਨ ਨਹੀਂ ਕਰਦਾ ਉਹ ਮੈਥੋਂ ਦੂਰ ਹੋ ਰਿਹਾ ਹੈ । ਆਪਣਾ ਸੰਬੰਧ ਮੈਥੋਂ ਖ਼ਤਮ ਕਰ ਰਿਹਾ ਹੈ । ਇਸ ਲਈ ਸਾਡਾ ਅਲੱਾਹ ਤਆਲਾ ਉਪੱਰ ਈਮਾਨ ਉਸ ਸਮੇਂ ਪੂਰਨ ਹੋਵੇਗਾ ਜੱਦ ਅਸੀਂ ਅਲਾਹ ਤਆਲਾ ਦੇ ਹੁਕਮਾ ਉਪੱਰ ਅਮਲ ਕਰ ਰਹੇ ਹੋਵਾਂਗੇ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਇਹ ਅਜਿਹੇ ਲੋਕ ਹਨ ਜੋ ਕੇਵਲ ਈਮਾਨ ਲਿਆਉਣ ਦਾ ਦਾਵਾ ਕਰਨ ਵਾਲੇ ਨਹੀਂ ਸਗੋਂ ਹਰ ਸਮੇਂ ਰੱਬ ਦੀ ਸਹਾਇਤਾ ਤੇ ਮਦਦ ਵੀ ਦਿਖਾਈ ਦਿੰਦੀ ਹੈ । ਉਹਨਾ ਦਾ ਹਰ ਕਦਮ ਸੁਮਾਰਗ ਲਈ ਅਗਾਂਹ ਵੱਧਦਾ ਹੈ । ਹਰ ਰਸਤਾ ਉਹਨਾਂ ਲਈ ਸਫ਼ਲਤਾ ਦੇ ਦਰ ਖੋਲਦਾ ਜਾਂਦਾ ਹੈ । ਇਹ ਸੁਮਾਰਗ ਉਹਨਾਂ ਨੂੰ ਸਫ਼ਲਤਾਵਾਂ ਵੱਲ ਲੈ ਜਾਂਦਾ ਹੈ, ਉਹਨਾਂ ਨੂੰ ਸਫ਼ਲਤਾਵਾਂ ਨਸੀਬ ਹੁੰਦੀਆਂ ਹਨ । ਅਲੱਾਹ ਤਆਲਾ ਦਾ ਜਮਾਤ ਅਹਮਦੀਆਂ ਉਪੱਰ ਇਹ ਉਪਕਾਰ ਹੈ ਕਿ ਉਸ ਨੇ ਜਮਾਤ ਨੂੰ ਅਜਿਹੇ ਮੋਮਿਨ ਬਖ਼ਸ਼ੇ ਹਨ ਜਿੰਨ੍ਹਾ ਦੇ ਈਮਾਨ ਦੇ ਦਾਵੇ ਹੀ ਨਹੀਂ ਸਗੋਂ ਰੱਬ ਦੀ ਰਜ਼ਾ ਉਹਨਾਂ ਦਾ ਮੂਲ

ਉਦੇਸ਼ ਹੁੰਦਾ ਹੈ । ਇਹੋ ਭੇਦ ਹੈ ਜਿਸ ਦੇ ਸਬਬ ਜਮਾਤ ਅਹਮਦੀਆ ਸਮੂਹਕ ਜਮਾਤ ਦੇ ਰੂਪ ਵਿੱਚ ਪ੍ਰਗਤੀ ਦੀਆਂ ਮੰਜ਼ਲਾ ਤੈਅ ਕਰ ਰਹੀ ਹੈ । ਮਸਜਿਦ ਦੇ ਬਾਦ ਪ੍ਰਚਾਰ ਅਰਥਾਤ ਵਾਸਤਕਿ ਇਸਲਾਮ ਦੀ ਜਾਨਕਾਰੀ ਦੇ ਨਵੇਂ ਮਾਰਗ ਖੁਲੱਣਗੇ ਅਤੇ ਖੁੱਲ ਵੀ ਰਹੇ ਹਨ ਅਤੇ ਇਹੋ ਸਾਡਾ ਵੱਖ ਵੱਖ ਥਾਵਾਂ ਉਪੱਰ ਤਜਰਬਾ ਹੈ । ਜਿਵੇਂ ਕਿ ਮੈਂ ਪਹਿਲਾਂ ਕਿਹਾ ਸੀ ਕਿ ਆਪ ਦੇ ਪ੍ਰਚਾਰ ਵਿੱਚ ਵਿਸਥਾਰ ਪੈਦਾ ਹੁੰਦਾ ਜਾਵੇਗਾ । ਇਸ ਕਾਰਜ ਲਈ ਹਰ ਅਹਮਦੀ ਨੂੰ ਗਿਆਨ ਦੇ ਪੱਖੋਂ ਵੀ ਤਿਆਰੀ ਦੀ ਲੋੜ ਹੈ ਤਾਂ ਜੋ ਧਾਰਮਕ ਤੇ ਬੌਧਕ ਉਤੱਰ ਦੇ ਸਕਣ ਅਤੇ ਅਮਲੀ ਅਵਸਥਾ ਨੂੰ ਵੀ ਸੁਧਾਰਣ ਤੇ ਓਸ ਦੇ ਮਿਆਰ ਨੂੰ ਉਚੱਾ ਚੁਕੱਣ ਦੀ ਲੋੜ ਹੈ । ਜਿਸ'ਤੇ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਸਾਨੂੰ ਦੇਖਣਾ ਚਾਹੁੰਦੇ ਹਨ । ਜਿਸ ਬਾਰੇ ਮੈਂ ਪਹਿਲਾਂ ਹੀ ਦਸ ਚੁੱਕਿਆ ਹਾਂ ਕਿ ਉਹ ਮਿਆਰ ਕੀ ਹੈ ? ਉਹ ਮਿਆਰ ਕੁਰਆਨ ਕਰੀਮ ਦੇ ਸਾਰਿਆਂ ਹੁਕਮਾਂ ਉਪੱਰ ਅਮਲ ਕਰਨਾ ਹੈ । ਆਪਣੇ ਅਜਿਹੇ ਨਮੂਨੇ ਕਾਇਮ ਕਰਨੇ ਹਨ ਕਿ ਏਥੇ ਦੇ ਰਹਿਣ ਵਾਲੇ ਆਪਣੇ ਆਪ ਤੁਹਾਡੇ ਵੱਲ ਆਕਰਸ਼ਤ ਹੋਣ । ਉਹਨਾਂ ਨੂੰ ਦਸੱਣਾ ਹੋਵੇਗਾ ਕਿ ਇਸਲਾਮ ਦੇ ਜੀਉਂਦਾ ਧਰਮ ਹੋਣ ਦੀ ਇਹ ਇਕ ਦਲੀਲ ਹੈ ਕਿ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲਅਮ ਦੀ ਪੈਰ੍ਹਵੀ ਵਿੱਚ ਮਸੀਹ ਮਊਦ ਅਲੈਹਿ ਸਲਾਮ ਆ ਚੁਕੇ ਹਨ ਜਿੰਨ੍ਹਾ ਨੇ ਸਾਨੂੰ ਰੱਬ ਤੋਂ ਮਿਲਾਇਆ ਹੈ । ਉਹ ਖ਼ੁਦਾ ਜੋ ਸਾਡੀਆਂ ਦੁਆਵਾਂ ਨੂੰ ਸੁਣਦਾ ਵੀ ਹੈ ਅਤੇ ਪਰਵਾਨ ਵੀ ਕਰਦਾ ਹੈ ਜੋ ਆਪਣੇ ਵਾਦਿਆਂ ਅਨੁਸਾਰ ਆਪਣੇ ਕਿਰਸ਼ਮੇ ਵੀ ਦਿਖਾ ਰਿਹਾ ਹੈ । ਇਸ ਲਈ ਹੁਣ ਦੁਨੀਆ ਦਾ ਜੀਵਨ ਇਸ ਮਸੀਹ ਮਊਦ ਨੂੰ ਮਨ੍ਹਣ ਵਿੱਚ ਹੈ । ਰੱਬ ਨਾਲ ਜੀਉਂਦਾ ਸੰਬੰਧ ਇਸ ਮਸੀਹ ਮਊਦ ਦੀ ਗੋਦ ਵਿੱਚ ਆਉਣ ਨਾਲ ਹੀ ਪੈਦਾ ਹੋਵੇਗਾ । ਪਰ ਕੀ ਅਸੀਂ ਇਹ ਗੱਲਾਂ ਹੋਰਨਾ ਨੂੰ ਬਿਨਾ ਝੱਕਿਆਂ ਕਹਿ ਸਕਦੇ ਹਾਂ ਜਾਂ ਸਾਨੂੰ ਰੁਕ ਕੇ ਸੋਚਣਾ ਪਵੇਗਾ ਕਿ ਆਖਾਂ ਜਾਂ ਨ ਆਖਾਂ? ਕੀ ਜੇਕਰ ਮੈਂਨੂੰ ਕਿਸੇ ਨੇ ਦੁਆ ਦੀ ਪਰਵਾਨਗੀ ਦਾ ਚੈਲੰਜ ਦੇ ਦਿੱਤਾ ਤਾਂ ਮੈਂ ਇਸ ਅਵਸਥਾ ਵਿੱਚ ਹਾਂ ਕਿ ਉਸ ਨੂੰ ਪਰਵਾਨ ਕਰਾਂ । ਕੀ ਮੇਰਾ ਰੱਬ ਨਾਲ ਸੰਬੰਧ ਹੈ ? ਕੀ ਮੈਂ ਰੱਬ ਦਾ ਖ਼ੌਫ਼ ਅਤੇ ਉਸਦਾ ਸਨੇਹ ਆਪਣੇ ਅੰਦਰ ਰੱਖਦਿਆਂ ਹੋਇਆਂ ਆਪਣੇ ਜੀਵਨ ਨੂੰ ਉਸ ਦੇ ਦੱਸੇ ਹੋਏ ਆਦੇਸ਼ਾਂ ਅਨੁਸਾਰ ਚਲੱਣ ਦਾ ਜਤਨ ਕਰ ਰਿਹਾ ਹਾਂ ? ਜੇਕਰ ਨਹੀਂ ਤਾਂ ਫਿਰ ਇਕ ਅਹਮਦੀ ਹੁੰਦਿਆਂ ਹੋਇਆਂ ਆਪਣੀਆਂ ਜ਼ਿੰਮੇਦਾਰੀਆਂ ਦਾ ਅਹਿਸਾਸ ਕੀਤੇ ਬਿਨਾ ਅਤੇ ਉਹਨਾਂ ਨੂੰ ਨਿਭਾਏ ਬਿਨਾ ਮੈਂ ਕਿਵੇਂ ਹੋਰਨਾ ਨੂੰ ਨਿਮੰਤਰਣ ਦੇ ਸਕਦਾ ਹਾਂ ? ਕੀ ਲੋਕ ਮੈਂਨੂੰ ਪੁਛੱਣਗੇ ਨਹੀਂ ਕਿ ਤੁਹਾਡੇ ਅੰਦਰ ਇਸ ਮਸੀਹ ਨੇ ਕੀ ਪਰਿਵਰਤਨ ਕੀਤਾ ਜੋ ਤੁਸੀਂ ਮੈਂਨੂ ਪਾਕ ਪਰਿਵਰਤਨ ਦਾ ਪਰਲੋਭਨ ਦੇਕੇ ਇਸ ਮਸੀਹ ਨੂੰ ਮਨ੍ਹਣ ਲਈ ਧਿਆਨ ਖਿੱਚ ਰਹੇ ਹੋ । ਤੁਹਾਡਾ ਆਪਣਾ ਰੱਬ ਨਾਲ ਕਿਨੰਾ ਸੰਬੰਧ ਹੋ ਗਿਆ ਹੈ ਜੋ ਤੁਸੀਂ ਮੈਂਨੂੰ ਰੱਬ ਨਾਲ ਸੰਬੰਧ ਦਾ ਲਾਲਚ ਦੇਕੇ ਮਸੀਹ ਮਊਦ ਨੂੰ ਕਬੂਲ ਕਰਨ ਦਾ ਨਿਮੰਤਰਣ ਦੇ ਰਹੇ ਹੋ । ਤੁਸੀਂ ਜੋ ਮਸੀਹ ਮਊਦ ਨੂੰ ਮੰਨ੍ਹਿਆ ਹੈ ਤੁਹਾਡੇ ਕਹੇ ਅਨੁਸਾਰ ਤੁਹਾਡੇ ਤਾਂ ਹਰ ਅਮਲ ਨੂੰ ਕੁਰਆਨੀ ਸਿੱਖਿਆ ਅਨੁਸਾਰ ਹੋਣਾ ਚਾਹੀਦਾ ਹੈ । ਜੇਕਰ ਨਹੀਂ ਤਾਂ ਫਿਰ ਤੁਸੀਂ ਸਾਨੂੰ ਕਿਹੜੇ ਰੂਹਾਨੀ ਤੇ ਕਰਮ ਰੂਪੀ ਇਨਕਲਾਬ ਵੱਲ ਬੁਲਾ ਰਹੇ ਹੋ । ਜਿਹੋ ਜਿਹੇ ਤੁਸੀਂ ਉਹੋ ਜਿਹੇ ਅਸੀਂ ਅਤੇ ਸਾਡੇ ਵਿੱਚ ਤੇ ਤੁਹਾਡੇ ਵਿੱਚ ਅੰਤਰ ਹੀ ਕੀ ਹੈ ? ਇਸ ਲਈ ਸਦਾ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਜਿੱਥੇ ਅਹਮਦੀ ਅਹਮਦੀ ਹੋਣ ਕਰਕੇ ਜਾਣਿਆਂ ਜਾਂਦਾ ਹੈ ਓਥੇ ਉਸ ਦੀਆਂ ਜ਼ਿੰਮੇਦਾਰੀਆਂ ਬਹੁਤ ਵੱਧ ਜਾਂਦੀਆਂ ਹਨ । ਉਹ ਅਹਮਦੀ ਨਹੀਂ ਰਹਿੰਦਾ ਸਗੋਂ ਮਸੀਹ ਮਊਦ ਦਾ ਦੂਤ ਬਣ ਜਾਂਦਾ ਹੈ, ਇਸੇ ਲਈ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਸਾਡੇ ਨਾਲ ਸੰਬੰਧਤ ਹੋਕੇ ਸਾਨੂੰ ਬਦਨਾਮ ਨ ਕਰੋ ।

ਇਸ ਲਈ ਇਕ ਅਹਮਦੀ ਦੇ ਕਿਸੇ ਭੈੜੇ ਕਰਮ ਦਾ ਪ੍ਰਭਾਵ ਕੇਵਲ ਉਸ ਤੱਕ ਸੀਮਤ ਨਹੀਂ ਰਹਿੰਦਾ ਸਗੋਂ ਹਜਰਤ ਮਸੀਹ ਮਊਦ ਅਲੈਹਿ ਸਲਾਮ ਤੱਕ ਪਹੁੰਚ ਜਾਂਦਾ ਹੈ । ਇਹ ਬਹੁਤ ਮਹਤੱਵਪੂਰਨ ਗੱਲ ਹੈ ਜਿਸ ਨੂੰ ਹਰ ਅਹਮਦੀ ਨੂੰ ਆਪਣੇ ਸੰਮੁਖ ਰੱਖਣੀ ਚਾਹੀਦੀ ਹੈ ਅਤੇ ਜੱਦ ਇਹ ਸਭ ਕੁਝ ਸੰਮੁੱਖ ਹੋਵੇਗਾ ਤਾਂ ਹਰ ਅਹਮਦੀ ਅਹਮਦੀਅਤ ਦਾ ਦੂਤ ਬਣ ਜਾਵੇਗਾ । ਹਰ ਪਰਿਚੈ ਉਸ ਨੂੰ ਦੁਨੀਆ ਦੀ ਦ੍ਰਿਸ਼ਟੀ ਵਿੱਚ ਐਨ੍ਹਾ ਵਧਾਏਗਾ ਕਿ ਉਹ ਤੁਹਾਡੇ ਵੱਲ ਲਪਕੇਗਾ । ਤੁਸੀਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਦੂਤ ਬਣ ਜਾਓਗੇ, ਪ੍ਰਚਾਰ ਦਾ ਹੱਕ ਪੂਰਾ ਕਰਨ ਵਾਲੇ ਬਣ ਜਾਓਗੇ । ਦੁਨੀਅਦਾਰਾਂ ਦੀ ਦੁਨੀਆ ਤੇ ਆਖ਼ਰਤ (ਅੰਤ) ਸੁਧਾਰਣ ਵਾਲੇ ਬਣ ਜਾਓਗੇ । ਰੱਬ ਦੀਆਂ ਮਿਹਰਾਂ ਨੂੰ ਪਾਉਣ ਵਾਲੇ ਬਣ ਜਾਓਗੇ । ਸੋ, ਇਸ ਦੀ ਪ੍ਰਪਾਤੀ ਲਈ ਸਾਨੂੰ ਭਰਪੂਰ ਜਤਨਾ ਦੀ ਲੋੜ ਹੈ । ਆਪਣੀਆਂ ਪੰਜ ਵੇਲੇ ਦੀਆਂ ਨਮਾਜ਼ਾਂ ਨੂੰ ਜਮਾਤ ਨਾਲ ਸੁਆਰ ਕੇ ਪੜ੍ਹਨ ਦੀ ਲੋੜ ਹੈ । ਮਸਜਿਦਾਂ

ਦੇ ਹੱਕ ਪੂਰੇ ਕਰਨ ਦੀ ਲੋੜ ਹੈ । ਫ਼ਰਜ਼ ਨਮਾਜ਼ਾਂ ਦੇ ਨਾਲ ਨਾਲ ਨਫ਼ਲਾਂ ਰਾਹੀਂ ਵੀ ਰੱਬ ਨਾਲ ਸੰਬੰਧ ਜੋੜਨ ਦੀ ਲੋੜ ਹੈ । ਹਕੂਕੁਲ ਇਬਾਦ (ਰੱਬ ਦੀ ਮਖ਼ਲੂਕ) ਦੇ ਹੱਕ ਵੀ ਪੂਰੇ ਕਰਨ ਦੀ ਲੋੜ ਹੈ । ਹਰ ਅਹਮਦੀ ਪੁਰੁਸ਼ ਤੇ ਇਸਤਰੀ ਨੂੰ ਆਪਣੀਆਂ ਜ਼ਿੰਮੇਦਾਰੀਆਂ ਸਮਝਣ ਦੀ ਲੋੜ ਹੈ । ਅਸੀਂ ਬਹੁਤ ਸ਼ੌਕ ਨਾਲ ਏਥੇ ਦੇ ਰਹਿਣ ਵਾਲਿਆਂ ਨੂੰ ਦਸਦੇ ਹਾਂ ਕਿ ਅਸੀਂ ਇਸ ਮਸਜਿਦ ਦਾ ਨਾਂ ਮਰਿਯੱਮ ਰੱਖਿਆ ਹੈ ਕਿਉਂਕਿ  ਲੋਕ ਹਜ਼ਰਤ ਮਰਿਯੱਮ ਦਾ ਬਹੁਤ ਸਤਿਕਾਰ ਕਰਦੇ ਹਨ । ਅਸੀਂ ਉਹਨਾਂ ਨੂੰ ਇਹ ਕਹਿੰਦੇ ਹਾਂ ਕਿ ਹਜ਼ਰਤ ਮਰਿਯੱਮ ਤੁਹਾਨੂੰ ਵੀ ਬਹੁਤ ਪਿਆਰੀ ਹਨ ਕਿ ਉਹ ਹਜ਼ਰਤ ਈਸਾ ਅਲੈਹਿ ਸਲਾਮ ਦੀ ਮਾਂ ਹਨ ਪਰ ਸਾਨੂੰ ਕੇਵਲ ਹਜ਼ਰਤ ਈਸਾ ਅਲੈਹਿ ਸਲਾਮ ਦੀ ਮਾਂ ਹੋਣ ਕਰਕੇ ਪਿਆਰੀ ਨਹੀਂ ਸਗੋਂ ਰੱਬ ਨੇ ਉਹਨਾਂ ਦੀ ਨੇਕੀ ਤੇ ਸੰਜਮਤਾ ਦੇ ਮਿਆਰ ਨੂੰ ਵੀ ਦੇਖ ਕੇ ਉਹਨਾਂ'ਤੇ ਪਿਆਰ ਭਰੀ ਨਜ਼ਰ ਪਾਈ ਅਤੇ ਮੋਮਿਨਾਂ ਨੂੰ ਕਿਹਾ ਕਿ ਤੁਸੀਂ ਮਰਿਯੱਮ ਜਿਹੇ ਗੁਣ ਪੈਦਾ ਕਰੋ । ਮਰਿਯੱਮ ਨੇ ਆਪਣੇ ਸਤੀਤਵ ਦੀ ਸੁਰੱਖਿਆ ਕੀਤੀ ਅਤੇ ਇਹ ਸੁਰੱਖਿਆ ਰੱਬ ਨਾਲ ਸਨੇਹ ਤੇ ਖ਼ੌਫ਼ ਕਰਕੇ ਕੀਤੀ । ਉਹ ਰੱਬ ਦੀ ਕਾਮਲ ਅਗਿਆਕਾਰ ਸਨ ਅਤੇ ਉਸ ਦੇ ਹੁਕਮਾਂ ਉਪੱਰ ਅਮਲ ਕਰਨ ਵਾਲੀ ਸਨ । ਉਹ ਸੁਮਾਰਗ ਤੇ ਸਚੱਾਈ ਉਪੱਰ ਸਿਥਰ ਰਹਿਣ ਵਾਲੀ ਸਨ । ਇਸ ਲਈ ਹਰ ਸੱਚੇ ਮੁਸਲਮਾਨ ਪੁਰੁਸ਼ ਇਸਤਰੀ ਨੂੰ ਇਹਨਾਂ ਮੋਮਿਨਾ ਜਿਹੇ ਗੁਣਾ ਨੂੰ ਅਪਨਾਉਣ ਦਾ ਰੱਬ ਵੱਲੋਂ ਹੁਕਮ ਹੈ । ਮੈਂ ਉਹਨਾਂ ਅਹਮਦੀ ਲੜਕੀਆਂ ਤੇ ਇਸਤਰੀਆਂ ਨੂੰ ਵੀ ਇਹ ਕਹਾਂਗਾ ਕਿ ਜੇਕਰ ਏਥੋਂ ਦੇ ਲੋਕ ਹਜ਼ਰਤ ਮਰਿਯੱਮ ਦਾ ਸਨਮਾਨ ਕਰਦੇ ਹਨ ਅਤੇ ਕੇਵਲ ਸਨਮਾਨ ਹੀ ਕਰਦੇ ਹਨ ਅਤੇ ਉਹਨਾਂ ਦੇ ਗੁਣਾ ਨੂੰ ਅਪਨਾਉਣ ਦੇ ਜਤਨ ਨਹੀਂ ਕਰਦੇ ਜੋ ਉਹਨਾਂ ਵਿੱਚ ਸਨ ਤਾਂ ਇਹ ਉਹਨਾਂ ਦੀ ਕਮਜ਼ੋਰੀ ਹੈ । ਇਕ ਸੱਚੇ ਮੁਸਲਮਾਨ ਪੁਰੁਸ਼ ਇਸਤਰੀ ਨੂੰ ਤਾਂ ਹਜ਼ਰਤ ਮਰਿਯੱਮ ਵਾਂਗ ਰੱਬ ਦਾ ਸਚੱਾ ਅਗਿਆਕਾਰ ਹੁੰਦਿਆਂ ਹੋਇਆਂ ਰੱਬ ਦੀ ਆਗਿਆ ਉਪੱਰ ਚਲੱਣ ਦਾ ਜਤਨ ਕਰਨਾ ਚਾਹੀਦਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਥਾਂ ਸਾਨੂੰ ਉਪਦੇਸ਼ ਦਿੰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ, "ਮੈਂ ਸੱਚ ਕਹਿੰਦਾ ਹਾਂ ਕਿ ਇਕ ਸਬਬ ਹੈ ਜੋ ਰੱਬ ਨੇ ਭਾਗਵਾਨ ਲੋਕਾਂ ਲਈ ਪੈਦਾ ਕਰ ਦਿੱਤਾ ਹੈ, ਮੁਬਾਰਕ ਉਹੋ ਜੋ ਇਸ ਤੋਂ ਲਾਭ ਉਠਾਉਂਦੇ ਹਨ । ਤੁਸੀਂ ਲੋਕ ਜਿੰਨ੍ਹਾ ਨੇ ਮੇਰੇ ਨਾਲ ਸੰਬੰਧ ਬਣਾਇਆ ਹੈ ਇਸ ਗੱਲ'ਤੇ ਕਦੇ ਵੀ ਘਮੰਡੀ ਨ ਹੋ ਜਾਓ ਕਿ ਜੋ ਕੁਝ ਤੁਸੀਂ ਪਾਉਣਾ ਸੀ ਪਾ ਚੁਕੇ, ਇਹ ਸੱਚ ਹੈ ਕਿ ਤੁਸੀਂ ਓਹਨਾਂ ਇਨਕਾਰੀਆਂ ਦੀ ਤੁਲਨਾ ਵਿੱਚ ਖ਼ੁਸ ਕਿਸਮਤ ਹੋ ਜਿੰਨ੍ਹਾ ਨੇ ਆਪਣੇ ਇਨਕਾਰ ਤੇ ਤੌਹੀਨ ਕਰਕੇ ਰੱਬ ਨੂੰ ਨਰਾਜ਼ ਕੀਤਾ ਅਤੇ ਇਹ ਵੀ ਸੱਚ ਹੈ ਕਿ ਤੁਸੀਂ ਚੰਗੀ ਸੋਚ ਤੋਂ ਕੰਮ ਲੈਕੇ ਰੱਬ ਦੀ ਕਰੋਪੀ ਤੋਂ ਆਪਣੇ ਆਪ ਨੂੰ ਬਚਾਉਣ ਦੀ ਚਿੰਤਾ ਕੀਤੀ ਪਰ ਸੱਚੀ ਗੱਲ ਇਹੋ ਹੈ ਕਿ ਤੁਸੀਂ ਉਸ ਸੋਮੇ ਦੇ ਨੇੜੇ ਆਣ ਪਹੁੰਚੇ ਹੋ ਜੋ ਇਸ ਸਮੇਂ ਰੱਬ ਨੇ ਸਦੈਵੀ ਜੀਵਨ ਲਈ ਪੈਦਾ ਕੀਤਾ ਹੈ । ਹਾਂ ਪਾਣੀ ਪੀਣਾ ਅਜੇ ਬਾਕੀ ਹੈ । ਇਸ ਲਈ ਰੱਬ ਦੀ ਮਿਹਰ ਤੇ ਕ੍ਰਿਪਾ ਰਾਹੀਂ ਯਾਚਨਾ ਕਰੋ ਕਿ ਉਹ ਤੁਹਾਨੂੰ ਸਿੰਚਿਤ ਕਰੇ ਕਿਉਕਿ ਰੱਬ ਤੋਂ ਬਿਨਾ ਹੋਰ ਕੁਝ ਵੀ ਨਹੀਂ ਹੋ ਸਕਦਾ । ਰੱਬ ਹੀ ਹੈ ਜੋ ਤੌਫ਼ੀਕ ਦਿੰਦਾ ਹੈ । ਇਹ ਮੈਂ ਅਵਸ਼ ਜਾਣਦਾ ਹਾਂ ਕਿ ਜੋ ਇਸ ਸੋਮੇ ਤੋਂ ਪੀਏਗਾ ਉਹ ਹਲਾਕ ਨਹੀਂ ਹੋਵੇਗਾ ਕਿਉਂਕਿ ਇਹ ਪਾਣੀ ਜੀਵਨ ਬਖ਼ਸ਼ਦਾ ਹੈ ਅਤੇ ਹਲਾਕਤ ਤੋਂ ਬਚਾਉਂਦਾ ਹੈ ਅਤੇ ਸ਼ੈਤਾਨ ਦੇ ਹਮਲਿਆਂ ਤੋਂ ਸੁਰੱਖਿਅਤ ਕਰਦਾ ਹੈ । ਇਸ ਸੋਮੇ ਤੋਂ ਸਿੰਚਿਤ ਹੋਣ ਦਾ ਕੀ ਢੰਗ ਹੈ ਇਹੋ ਹੈ ਕਿ ਰੱਬ ਨੇ ਜੋ ਦੋ ਹੱਕ ਤੁਹਾਡੇ ਉਪੱਰ ਫ਼ਰਜ਼ ਕੀਤੇ ਹਨ, ਉਹਨਾਂ ਨੂੰ ਬਜਾ ਲਿਆਓ ਅਤੇ ਪੂਰਨ ਰੂਪ ਵਿੱਚ ਪੂਰਾ ਕਰੋ । ਉਹਨਾਂ ਵਿੱਚੋਂ ਇਕ ਰੱਬ ਦਾ ਹਕ ਹੈ ਅਤੇ ਦੂਜਾ ਮਖ਼ਲੂਕ ਦਾ । ਅਲੱਾਹ ਤਆਲਾ ਸਾਨੂੰ ਸਦਾ ਇਹ ਦੋਵੇ ਪੂਰੇ ਕਰਨ ਦੀ ਤੌਫ਼ੀਕ ਪ੍ਰਦਾਨ ਕਰਦਾ ਜਾਵੇ ਅਤੇ ਇਸ ਸੋਮੇ ਤੋਂ ਵੱਧ ਤੋਂ ਵੱਧ ਫ਼ੈਜ਼ ਪਾਉਣ ਵਾਲੇ ਅਸੀਂ ਬਣਦੇ ਜਾਈਏ ਅਤੇ ਫਿਰ ਇਸ ਫ਼ੈਜ ਰਾਹੀਂ ਦੁਨੀਆ ਨੂੰ ਲਾਹੇਵੰਦ ਕਰਨ ਵਾਲੇ ਹੋਈਏ ।

ਇਸ ਮਸਜਿਦ ਦੇ ਕੁਝ ਵ੍ਰਿਤਾਂਤ ਵੀ ਮੈਂ ਦਸ ਦਿਆਂ । ਦੁਨੀਆ ਵਿੱਚ ਇਸ ਪਾਸੇ ਵੀ ਧਿਆਨ ਹੁੰਦਾ ਹੈ । ਸਤੰਬਰ 2010 ਈ. ਵਿੱਚ ਮੈਂ ਇਸ ਦੀ ਨੀਂਹ ਰੱਖੀ ਸੀ । ਭੋਂਇ ਦਾ ਕੁਲ ਰੱਕਬਾ 2400 ਮੁਰਬੱਾ ਮੀਟਰ ਹੈ । ਲਗਭਗ ਪੌਣੇ ਦੋ ਏਕੜ । ਜੋ ਮਸਜਿਦ ਦਾ ਛੱਤਿਆ ਭਾਗ ਹੈ ਉਹ 217 ਮੁਰਬੱਾ ਮੀਟਰ ਹੈ ਅਤੇ ਇਹ ਥਾਂ 2009 ਈ. ਵਿੱਚ ਪੰਜ ਲੱਖ ਪੰਦਰਾਂ ਹਜ਼ਾਰ ਯੂਰੋ ਦੀ ਲਾਗਤ ਨਾਲ ਖ਼ਰੀਦੀ ਗਈ ਸੀ । ਇਸ ਵਿੱਚ ਇਕ ਘਰ ਵੀ ਬਣਿਆ ਹੋਇਆ ਸੀ । ਫ਼ਿਰ ਇਸ ਦੀ ਉਸਾਰੀ ਵਿੱਚ ਲਗਭਗ ਗਿਆਰਾਂ ਲੱਖ ਯੂਰੋ ਖਰਚ ਹੋਏ ਹਨ । ਮੇਨ ਹਾਲ ਅਤੇ ਦੂਜੀਆਂ ਥਾਵਾਂ ਨੂੰ ਮਿਲਾਕੇ ਲਗਭਗ ਦੋ ਸੌ ਲੋਕ ਨਮਾਜ਼ ਪੜ੍ਹ ਸਕਦੇ ਹਨ ।

ਇਸ ਮਸਜਿਦ ਨਾਲ ਲਗਦੇ ਦੋ ਦਫ਼ਤਰ ਵੀ ਹਨ । ਜਿਵੇਂ ਕਿ ਮੈਂ ਦੱਸਿਆ ਕਿ ਇਕ ਮਕਾਨ ਵੀ ਸੀ ਜੋ ਤਿੰਨਾ ਕਮਰਿਆ ਉਪੱਰ ਅਧਾਰਤ ਹੈ ਅਤੇ ਇਸ ਵਿੱਚ ਕਿਚਨ ਆਦਿ ਬਣਿਆ ਹੋਇਆ ਹੈ ਸਤਾਰ੍ਹਾਂ ਗੱਡੀਆਂ ਦੀ ਪਾਰਕਿੰਗ ਦੀ ਗੁੰਜਾਇਸ਼ ਹੈ । ਫਿਰ ਇਸ ਥਾਂ ਦੀ ਲੋਕੇਸ਼ਨ ਬਹੁਤ ਚੰਗੀ ਹੈ । ਐਥੇ ਨੇੜੇ ਹੀ ਘੁੜ ਦੌੜ ਹੁੰਦੀ ਹੈ ਰੇਸਿੰਗ ਗਰਾਉਡ ਹੈ ਜਿੱਥੋਂ ਮਸਜਿਦ ਬਹੁਤ ਸੋਹਣੀ ਦਿਖਾਈ ਦਿੰਦੀ ਹੈ । ਪ੍ਰਸਿਧ ਮੇਲਾ ਏਥੇ ਹੁੰਦਾ ਹੈ ਅਤੇ ਪ੍ਰਸਿੱਧ ਹਸਤੀਆਂ ਵੀ ਏਥੇ ਇਸ ਘੁੜ ਦੌੜ ਵਿੱਚ ਸ਼ਾਮਲ ਹੋਣ ਲਈ ਆਉਂਦੀਆਂ ਹਨ ਅਤੇ ਓਥੋਂ ਮਸਜਿਦ ਦਾ ਦ੍ਰਿਸ਼ ਬਹੁਤ ਸੋਹਣਾ ਹੈ । ਲਗਭਗ ਚਾਲ੍ਹੀ ਹਜ਼ਾਰ ਲੋਕ ਭਾਗ ਲੈਂਦੇ ਹਨ । ਇਸ ਪੱਖੋਂ ਵੀ ਮਸਜਿਦ ਦਾ ਪਰੀਚੈ ਵਧੇਗਾ ਕਿਉਂਕਿ ਬਾਹਰੋਂ ਵੀ ਲੋਕ ਏਧਰ ਆਉਣਗੇ ਅਤੇ ਇਹ ਵਾਹਵਾ ਵੱਸਿਆ ਖੇਤਰ ਹੈ । ਪ੍ਰਤੀਦਿਨ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਏਧਰੋਂ ਲੰਘਦੇ ਹਨ । ਸਟੂਡੈਂਟ ਦੀ ਇਕ ਰਿਹਾਇਸ਼ਗਾਹ ਵੀ ਨੇੜੇ ਹੀ ਹੈ । ਗਾਲਵੇ ਏਅਰਪੋਰਟ ਵੀ ਦਸ ਮਿੰਟ ਦੀ ਦੂਰੀ'ਤੇ ਹੈ । ਇਸ ਦੇ ਨਾਲ ਹੀ ਹੁਣ ਦੋ ਹੋਰ ਮਕਾਨ ਖ਼ਰੀਦੇ ਗਏ ਹਨ ਜੋ ਪਿਛਲੀ ਕੰਧ ਨਾਲ ਲੱਗਦੇ ਹਨ ਅਤੇ ਉਹਨਾ ਦੀ ਅਕਾਮੁਡੇਸ਼ਨ ਵੀ ਚੰਗੀ ਹੈ । ਬਹਿਰਹਾਲ ਇਹ ਜੋ ਸਾਰਾ ਕੰਪਲੈਕਸ ਹੈ ਅਲੱਾਹ ਤਆਲਾ ਇਸ ਨੂੰ ਹਰ ਪੱਖੋਂ ਬਰਕਤਾਂ ਭਰਪੂਰ ਬਣਾਏ ਅਤੇ ਐਥੋਂ ਦੇ ਲੋਕਾਂ ਨੂੰ ਇਸ ਮਸਜਿਦ ਦੇ ਹੱਕ ਪੂਰੇ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।

Khulasa Khutba 26.09.2014
Delivered By : Hadhrat Khalifatul Masih Vth (atba)
Summarized by: Majlis Ansarullah Bharat
Tarnslated by : Shamshad Ahmad Eden, for Punjabi desk

From : Nazarat Nashr-o-Isha'at Qadian 143516, Distt. Gurdaspur - Punjab (INDIA)